## ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
## ਮੌਜੂਦਾ ਅਤੇ ਯੋਜਨਾਬੱਧ ਉਪਾਅ

### ਜਲ-ਨਿਕਾਸ ਸੇਵਾਵਾਂ ਵਿਭਾਗ (ਡਰੇਨੇਜ ਸਰਵਿਸਿਜ਼ ਡਿਪਾਰਟਮੈਂਟ)

ਜਲ-ਨਿਕਾਸ ਸੇਵਾਵਾਂ ਵਿਭਾਗ (DSD) ਗਾਹਕਾਂ ਨੂੰ ਵਿਸ਼ਵ ਪੱਧਰੀ ਗੰਦਾ ਪਾਣੀ ਅਤੇ ਤੂਫਾਨੀ ਪਾਣੀ ਦੇ ਨਿਕਾਸ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। DSD ਆਪਣੇ ਗ੍ਰਾਹਕਾਂ ਨੂੰ ਜਾਤੀ ਜਾਂ ਨਸਲੀ ਮੂਲ ਦੀ ਪਰਵਾਹ ਕੀਤੇ ਬਿਨਾਂ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਨ 'ਤੇ ਬਹੁਤ ਮਹੱਤਵ ਦਿੰਦਾ ਹੈ।

### (A) ਕਾਊਂਟਰ ਪੁੱਛਗਿੱਛ ਸੇਵਾਵਾਂ

ਸਬੰਧਿਤ ਸੇਵਾਵਾਂ

- ਸੀਵਰੇਜ ਸਰਵਿਸਿਜ਼ ਬ੍ਰਾਂਚ (SSB) ਦੀ ਕਾਊਂਟਰ ਪੁੱਛਗਿੱਛ ਸੇਵਾਵਾਂ ਦਾ ਟੀਚਾ ਸੀਵਰੇਜ ਸਰਵਿਸਿਜ਼ ਆਰਡੀਨੈਂਸ ਦੇ ਅਨੁਸਾਰ ਸੀਵਰੇਜ ਚਾਰਜ ਅਤੇ ਟਰੇਡ ਐਫਲੁਐਂਟ ਸਰਚਾਰਜ ਨਾਲ ਸਬੰਧਿਤ ਵਨ ਸਟਾਪ ਗ੍ਰਾਹਕ ਸੇਵਾਵਾਂ ਪ੍ਰਦਾਨ ਕਰਨਾ ਹੈ।

ਮੌਜੂਦਾ ਉਪਾਅ

- SSB ਦੇ ਗ੍ਰਾਹਕ ਸੇਵਾ ਕਾਊਂਟਰ ਤੇ ਕਾਊਂਟਰ ਪੁੱਛਗਿੱਛ ਸੇਵਾਵਾਂ ਚੀਨੀ ਅਤੇ ਅੰਗਰੇਜ਼ੀ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ।

  ਵੱਖ-ਵੱਖ ਨਸਲਾਂ (ਜਿਵੇਂ ਬਹਾਸਾ ਇੰਡੋਨੇਸ਼ੀਅਨ, ਨੇਪਾਲੀ, ਉਰਦੂ, ਪੰਜਾਬੀ, ਤਗਾਲੋਗ, ਥਾਈ, ਹਿੰਦੀ ਅਤੇ ਵੀਅਤਨਾਮੀ) ਦੇ ਲੋਕਾਂ ਲਈ ਪ੍ਰਮੁੱਖ ਭਾਸ਼ਾਵਾਂ ਵਿੱਚ ਜਾਣਕਾਰੀ ਦੀਆਂ ਸ਼ੀਟਾਂ ਮੁੱਖ ਤੌਰ ਤੇ ਪਰਦਰਸ਼ਤ ਕੀਤੀਆਂ ਜਾਂਦੀਆਂ ਹਨ ਅਤੇ ਘੱਟ ਗਿਣਤੀ ਲੋਕਾਂ ਦੀ ਏਕਤਾ ਅਤੇ ਸੁਧਾਰ ਲਈ ਕੇਂਦਰ ਦੀ ਟੈਲੀਫੋਨ ਵਿਆਖਿਆ ਸੇਵਾ (TELIS) ਹੌਟਲਾਈਨ ਦੁਆਰਾ ਮੁਫਤ ਵਿਆਖਿਆ ਦੀ ਵਰਤੋਂ ਨੂੰ ਉਤਸ਼ਾਹਤ ਕਰਨ ਲਈ *SSB* ਦੇ ਗਾਹਕ ਸੇਵਾਵਾਂ ਕਾਊਂਟਰ ਤੇ ਉਪਲਬਧ ਹਨ। ਵੱਖ ਵੱਖ ਨਸਲਾਂ ਦੇ ਮੁਲਾਕਾਤੀ ਜੋ ਨਾ ਤਾਂ ਚੀਨੀ ਅਤੇ ਨਾ ਹੀ ਅੰਗ੍ਰੇਜ਼ੀ ਬੋਲਦੇ ਹਨ, ਜੇ CHEER ਦੀ ਵਿਆਖਿਆ ਸੇਵਾ ਦੀ ਮੰਗ ਕਰਦੇ ਹਨ, ਤਾਂ ਕਾਊਂਟਰ ਸਟਾਫ TELIS ਲਈ ਸੰਪਰਕ ਕਰਨ ਵਿੱਚ ਸਹਾਇਤਾ

ਕਰੇਗਾ। ਕਾਊਂਟਰ ਸਟਾਫ ਨੇ ਇਹ ਰਿਕਾਰਡ ਕਰਨ ਲਈ ਇੱਕ ਰਜਿਸਟਰ ਵੀ ਰਖਿਆ ਹੈ ਕਿ ਵੱਖ ਵੱਖ ਨਸਲਾਂ ਦੇ ਵਿਜ਼ਟਰਆਂ ਨੂੰ ਅਜਿਹੀ ਸੇਵਾ ਦੀ ਜ਼ਰੂਰਤ ਹੈ।

ਭਵਿੱਖ ਦੇ ਕੰਮ ਦਾ ਮੁਲਾਂਕਣ

- DSD ਸਮੇਂ ਸਮੇਂ ਤੇ ਵੱਖ ਵੱਖ ਨਸਲ ਦੇ ਗਾਹਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਉਚਿਤ ਤੌਰ ਤੇ ਸੁਧਾਰ ਕਰੇਗਾ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- DSD SSB ਦੇ ਗਾਹਕ ਸੇਵਾਵਾਂ ਕਾਉਂਟਰ ਵਿੱਚ ਕੰਮ ਕਰ ਰਹੇ ਗਾਹਕ ਸੇਵਾ ਅਫਸਰਾਂ ਲਈ ਨੌਕਰੀ ਤੇ ਸਿਖਲਾਈ ਦਾ ਪ੍ਰਬੰਧ ਕਰੇਗਾ।

## (B) ਟੈਲੀਫੋਨ ਰਾਹੀਂ ਪੁੱਛਗਿੱਛ ਸੇਵਾਵਾਂ

ਸਬੰਧਿਤ ਸੇਵਾਵਾਂ

- DSD ਦਾ ਉਦੇਸ਼ ਲੋਕਾਂ ਨੂੰ ਸੀਵਰੇਜ ਸੇਵਾਵਾਂ ਆਰਡੀਨੈਂਸ ਦੇ ਅਨੁਸਾਰ ਜਲ-ਨਿਕਾਸ ਦੇ ਮੁੱਦਿਆਂ ਦੇ ਨਾਲ ਨਾਲ ਸੀਵਰੇਜ ਚਾਰਜ ਅਤੇ ਟ੍ਰੇਡ ਐਫਲੁਐਂਟ ਸਰਚਾਰਜ ਸੰਬੰਧਿਤ ਪ੍ਰਤੀਬੱਧ, ਉੱਚ ਕੁਆਲਿਟੀ ਅਤੇ ਗਾਹਕ-ਅਧਾਰਤ ਟੈਲੀਫੋਨ ਜਾਂਚ ਸੇਵਾਵਾਂ ਮੁਹੱਈਆ ਕਰਵਾਉਣਾ ਹੈ।

ਮੌਜੂਦਾ ਉਪਾਅ

- ਟੈਲੀਫੋਨ ਰਾਹੀਂ ਪੁੱਛਗਿੱਛ ਸੇਵਾਵਾਂ ਚੀਨੀ ਅਤੇ ਅੰਗਰੇਜ਼ੀ ਵਿੱਚ ਦਿੱਤੀਆਂ ਜਾਂਦੀਆਂ ਹਨ।

ਭਵਿੱਖ ਦੇ ਕੰਮ ਦਾ ਮੁਲਾਂਕਣ

- DSD ਸਮੇਂ ਸਮੇਂ ਤੇ ਵੱਖ ਵੱਖ ਨਸਲ ਦੇ ਗਾਹਕਾਂ ਲਈ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਉਚਿਤ ਸੁਧਾਰ ਕਰੇਗਾ।

ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ

- DSD ਟੇਲੀਫ਼ੋਨ ਰਾਹੀਂ ਪੁੱਛਗਿੱਛ ਸੰਭਾਲਨ ਵਾਲੇ ਸਟਾਫ ਲਈ ਨੌਕਰੀ ਤੇ ਸਿਖਲਾਈ ਦਾ ਪ੍ਰਬੰਧ ਕਰੇਗਾ।
- DSD CHEER ਦੇ ਨਾਲ ਸੰਪਰਕ ਕਰ ਰਿਹਾ ਹੈ ਤਾਂ ਜੋ ਚੀਨੀ ਅਤੇ ਅੰਗਰੇਜ਼ੀ ਨਾ ਬੋਲਣ ਵਾਲੇ ਘੱਟ ਗਿਣਤੀ ਲੋਕਾਂ ਲਈ ਜੋ DSD ਹੌਟਲਾਈਨ 2300 1110 ਤੇ ਕਾੱਲ ਕਰਦੇ ਹਨ ਉਹਨਾਂ ਨੂੰ 3-ਤਰਫਾ

ਕਾਨਫਰੰਸ ਟੈਲੀਫੋਨ ਵਿਆਖਿਆ ਸੇਵਾ ਪ੍ਰਦਾਨ ਕਰਾ ਸਕੇ ।

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਦਿੱਤੇ ਮਾਧਿਅਮਾਂ ਰਾਹੀਂ ਡਿਪਟੀ ਵਿਭਾਗੀ ਸਕੱਤਰ / ਜਨਰਲ ਪ੍ਰਸ਼ਾਸਨ ਨਾਲ ਸੰਪਰਕ ਕਰੋ - Ms Connie TSANG

| | | |
|---|---|---|
| ਟੈਲੀਫੋਨ ਨੰ. | : | 2594 7017 |
| ਫੈਕਸ ਨੰ. | : | 3103 0013 |
| ਈਮੇਲ | : | enquiry@dsd.gov.hk |
| ਡਾਕ ਲਈ ਪਤਾ | : | 43/F, Revenue Tower, 5 Gloucester Road, Wan Chai, Hong Kong |

**ਜਲ-ਨਿਕਾਸ ਸੇਵਾਵਾਂ ਵਿਭਾਗ**
**ਅਪ੍ਰੈਲ 2025**